**ਦੂਸਰਾ ਐਪੀਸੋਡ**
**ਸਿੱਖ ਆਫ ਅਮਰੀਕਾ ਵਰਲਡ ਕੰਪੀਟੀਸ਼ਨ**
**ਸਵਾਲ ਸੰਖੇਪ ਵਿੱਚ ਪੁੱਛੇ ਜਾਣਗੇ।**
**ਜਵਾਬ ਵਿਸਥਾਰ ਵਿੱਚ ਦਿੱਤੇ ਜਾਣ।**

**ਸ਼੍ਰੀ ਗੁਰੂ ਅਰਜਨ ਦੇਵ ਜੀ**

**ਪ1.** ਗੁਰੂ ਅਰਜਨ ਦੇਵ ਜੀ ਦਾ ਜਨਮ ਕਦੋਂ ਹੋਇਆ ਅਤੇ ਵੱਡੇ ਹੁੰਦਿਆਂ ਉਨ੍ਹਾਂ ਨੇ ਕੀ ਸਿੱਖਿਆ?
ੳ. ਗੁਰੂ ਅਰਜਨ ਦੇਵ ਜੀ ਗੁਰੂ ਰਾਮਦਾਸ ਜੀ ਅਤੇ ਮਾਤਾ ਭਾਨੀ ਜੀ ਦੇ ਸਭ ਤੋਂ ਛੋਟੇ ਪੁੱਤਰ ਸਨ। ਉਨ੍ਹਾਂ ਦਾ ਜਨਮ ਗੋਇੰਦਵਾਲ ਸਾਹਿਬ ਵਿਖੇ 19 ਵਿਸਾਖ ਵਦੀ 7 ਸੰਮਤ 1620 (15 ਅਪਰੈਲ 1563) ਨੂੰ ਹੋਇਆ। ਉਨ੍ਹਾਂ ਨੇ ਫਾਰਸੀ ਅਤੇ ਸੰਸਕ੍ਰਿਤ ਭਾਸ਼ਾਵਾਂ ਦੀ ਸਿੱਖਿਆ ਗ੍ਰਹਿਣ ਕੀਤੀ।
ਉਹ ਬਚਪਨ ਵਿੱਚ ਹੀ ਪਰਮਾਤਮਾ ਦੀਆਂ ਗੱਲਾਂ ਕਰਦੇ ਅਤੇ ਪਰਮਾਤਮਾ ਦੀ ਉਸਤਤ ਦੇ ਗੀਤ ਗਾਉਣਾ ਪਸੰਦ ਕਰਦੇ। ਪ੍ਰਿਥੀ ਚੰਦ ਅਤੇ ਮਹਾਂਦੇਵ ਜੀ ਉਨ੍ਹਾਂ ਦੇ ਵੱਡੇ ਭਰਾ ਸਨ। ਪ੍ਰਿਥੀ ਚੰਦ ਬਹੁਤ ਹੀ ਮਤਲਬੀ ਸੀ ਅਤੇ ਮਹਾਂਦੇਵ ਬਹੁਤ ਹੀ ਸ਼ਾਂਤ ਸੁਭਾਅ ਦੇ ਸਨ।

ਪ2..ਗੁਰੂ ਅਰਜਨ ਦੇਵ ਜੀ ਦੀ ਪਤਨੀ ਅਤੇ ਪੁੱਤਰ ਕੌਣ ਸਨ?
ੳ.ਗੁਰੂ ਅਰਜਨ ਦੇਵ ਜੀ ਬਹੁਤ ਹੀ ਮਿੱਠੇ ਅਤੇ ਸ਼ਾਂਤ ਸੁਭਾਅ ਦੇ ਸਨ
ਉਹ ਸਮਰਪਣ ਅਤੇ ਬਲਿਦਾਨ ਦੀ ਮੂਰਤ ਸਨ। ਅਠਾਰਾਂ ਸਾਲ ਦੀ ਉਮਰ ਵਿੱਚ ਗੁਰੂ ਰਾਮਦਾਸ ਜੀ ਨੇ ਉਨ੍ਹਾਂ ਨੂੰ ਪੰਜਵੇਂ ਨਾਨਕ ਵਜੋਂ ਗੁਰਤਾ ਗੱਦੀ ਦਿੱਤੀ। ਉਨ੍ਹਾਂ ਦਾ ਵਿਆਹ ਮਾਤਾ ਗੰਗਾ ਜੀ ਦੇ ਨਾਲ ਹੋਇਆ ਅਤੇ ਉਨ੍ਹਾਂ ਦੇ ਪੁੱਤਰ ਦਾ ਨਾਂ(ਗੁਰੂ) ਹਰਗੋਬਿੰਦ ਸਾਹਿਬ ਸੀ। ਗੁਰੂ ਅਰਜਨ ਦੇਵ ਜੀ ਨੇ ਸੰਤੋਖਸਰ ਅਤੇ ਅੰਮ੍ਰਿਤਸਰ ਦੇ ਦੋ ਪਵਿੱਤਰ ਸਰੋਵਰਾਂ ਦੀ ਸੇਵਾ ਸੰਪੂਰਨ ਕਰਵਾਈ। ਉਨ੍ਹਾਂ ਨੇ ਇੱਕ ਮਾਘ ਬਿਕਰਮੀ ਸੰਮਤ 1644 ਵਿੱਚ ਮੁਸਲਿਮ ਸੰਤ ਹਜ਼ਰਤ ਮੀਆਂ ਮੀਰ ਜੀ ਪਾਸੋਂ ਹਰਿਮੰਦਰ ਸਾਹਿਬ ਦੀ ਨੀਂਹ ਰਖਵਾਈ ਸ੍ਰੀ ਹਰਿਮੰਦਰ ਸਾਹਿਬ ਦੀ ਸੰਪੂਰਨਤਾ ਤੋਂ ਬਾਅਦ ਉਨ੍ਹਾਂ ਨੇ ਸੰਤੋਖਸਰ ਦੀ ਉਸਾਰੀ ਕਰਵਾਈ।

ਪ3ਗੁਰੂ ਅਰਜਨ ਦੇਵ ਜੀ ਨੇ ਕਿਹੜੇ ਕਿਹੜੇ ਨਗਰ ਵਸਾਏ?
ੳ..ਗੁਰੂ ਅਰਜਨ ਦੇਵ ਜੀ ਨੇ ਗੋਇੰਦਵਾਲ ਸਾਹਿਬ ਦੇ ਨਜ਼ਦੀਕ ਤਰਨਤਾਰਨ ਨਾਮ ਦਾ ਨਗਰ ਵਸਾਇਆ ਅਤੇ ਇੱਥੇ ਇੱਕ ਗੁਰਦੁਆਰਾ ਅਤੇ ਵੱਡੇ ਸਰੋਵਰ ਦੀ ਉਸਾਰੀ ਕਰਵਾਈ। ਉਨ੍ਹਾਂ ਨੇ ਕੋਹੜੀਆਂ ਵਾਸਤੇ ਵੀ ਇੱਕ ਨਿਵਾਸ ਦਾ ਨਿਰਮਾਣ ਕਰਵਾਇਆ। ਉਨ੍ਹਾਂ ਨੇ ਦੋਆਬਾ ਖੇਤਰ ਵਿੱਚ ਜਲੰਧਰ ਦੇ ਨਜ਼ਦੀਕ ਕਰਤਾਰਪੁਰ ਨਗਰ ਦੀ ਨੀਂਹ ਰੱਖੀ। ਉਨ੍ਹਾਂ ਨੇ ਲਾਹੌਰ ਦੇ ਡੱਬੀ ਬਾਜ਼ਾਰ ਵਿੱਚ ਇੱਕ ਬਾਉਲੀ ਦਾ ਨਿਰਮਾਣ ਕਰਵਾਇਆ ਜਿਸ ਨੂੰ ਸ਼ਾਹ ਜਹਾਨ ਨੇ ਤਬਾਹ ਕਰਕੇ ਉਸ ਉਪਰ ਇੱਕ ਮਸਜਿਦ ਦਾ ਨਿਰਮਾਣ ਕੀਤਾ ਪ੍ਰੰਤੂ ਬਾਅਦ ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਇਸ ਬੋਲੀ ਦੀ ਮੁੜ ਸੇਵਾ ਕਰਵਾਈ।ਜਿਸ ਨੂੰ ਦੁਬਾਰਾ ਫੇਰ 1947 ਦੀ ਵੰਡ ਵੇਲੇ ਮੁਸਲਮਾਨ ਭੀੜ ਵੱਲੋਂ ਤੋੜ ਦਿੱਤਾ ਗਿਆ। ਗੁਰੂ ਸਾਹਿਬ ਨੇ ਬਿਆਸ ਨਦੀ ਦੇ ਕੰਢੇ ਹਰਗੋਬਿੰਦਪੁਰ ਨਗਰ ਵਸਾਇਆ ਅਤੇ ਖੇਤਾਂ ਦੀ ਸਿੰਚਾਈ ਵਾਸਤੇ ਜਿਹੜਾ ਵਿਖੇ ਇੱਕ ਵੱਡੇ ਖੂਹ ਦਾ ਨਿਰਮਾਣ ਕਰਵਾਇਆ।

ਪ4.ਗੁਰੂ ਅਰਜਨ ਦੇਵ ਜੀ ਦੀ ਸ਼ਖਸੀਅਤ ਕਿਸ ਤਰ੍ਹਾਂ ਦੀ ਸੀ?

ੳ. ਗੁਰੂ ਅਰਜਨ ਦੇਵ ਜੀ ਬਹੁਤ ਹੀ ਊਰਜਾਵਾਨ ਅਤੇ ਪ੍ਰਭਾਵਸ਼ਾਲੀ ਸ਼ਖ਼ਸੀਅਤ ਦੇ ਮਾਲਕ ਸਨ। ਸਿੱਖ ਮਤ ਦੇ ਪ੍ਰਚਾਰ ਵਾਸਤੇ ਉਨ੍ਹਾਂ ਨੇ ਪੰਜ ਸਾਲ ਤੱਕ ਭਾਰਤ ਦੇ ਵੱਖ ਵੱਖ ਹਿੱਸਿਆਂ ਵਿੱਚ ਯਾਤਰਾ ਕੀਤੀਆਂ। ਉਹ ਕੁਝ ਦੇਰ ਵਡਾਲੀ ਦੇ ਸਥਾਨ ਤੇ ਵੀ ਰਹੇ ਜਿਸ ਨੂੰ ਅੱਜ 'ਗੁਰੂ ਕੀ ਵਡਾਲੀ' ਵੀ ਕਿਹਾ ਜਾਂਦਾ ਹੈ।ਸਿੱਖ ਧਰਮ ਨੂੰ ਹੋਰ ਮਜ਼ਬੂਤ ਕਰਨ ਲਈ ਅਤੇ ਇਸ ਦਾ ਹੋਰ ਵਿਸਥਾਰ ਕਰਨ ਵਾਸਤੇ ਗੁਰੂ ਅਰਜਨ ਦੇਵ ਜੀ ਨੇ ਇੱਕ ਬਹੁਤ ਹੀ ਮਹਾਨ ਕਾਰਜ ਕੀਤਾ। ਉਨ੍ਹਾਂ ਚਾਰ ਗੁਰੂ ਸਾਹਿਬਾਨ ਅਤੇ ਹੋਰ  ਫ਼ਕੀਰਾਂ ਅਤੇ ਭਗਤਾਂ ਦੀ ਉਚਾਰੀ ਹੋਈ ਬਾਣੀ ਨੂੰ ਇਕੱਠਿਆਂ ਕਰਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕੀਤੀ ਜਿਸ ਨੂੰ ਭਾਈ ਗੁਰਦਾਸ ਜੀ ਨੇ ਲਿਖਿਆ।

ਪ5.ਗੁਰੂ ਅਰਜਨ ਦੇਵ ਜੀ ਗੁਰਬਾਣੀ ਦੇ ਕਿੰਨੇ ਸ਼ਬਦ ਉਚਾਰੇ?
ੳ.ਗੁਰੂ ਅਰਜਨ ਦੇਵ ਜੀ ਨੇ ਦੋ ਹਜ਼ਾਰ ਤੋਂ ਵੱਧ ਸ਼ਬਦ ਗੁਰਬਾਣੀ ਦੀ ਰਚਨਾ ਕੀਤੀ। ਗੁਰੂ ਜੀ ਨੇ ਭਾਦੋਂ ਸੁਦੀ ਪਹਿਲੀ ਸੰਮਤ 1661 ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੀ ਸਥਾਪਨਾ ਹਰਿਮੰਦਰ ਸਾਹਿਬ ਵਿਖੇ ਕੀਤੀ ਅਤੇ ਬਾਬਾ ਬੁੱਢਾ ਜੀ ਨੂੰ ਪਹਿਲੇ ਹੈੱਡ ਗ੍ਰੰਥੀ ਦੀ ਸੇਵਾ ਸੌਂਪੀ। ਗੁਰੂ ਗ੍ਰੰਥ ਸਾਹਿਬ ਦੀ ਸਥਾਪਨਾ ਸਿੱਖ ਕੌਮ ਦੇ ਇਤਿਹਾਸ ਵਿੱਚ ਇੱਕ ਵੱਡਾ ਮੀਲ ਦਾ ਪੱਥਰ ਸਾਬਤ ਹੋਈ। ਇਸ ਤੋਂ ਬਾਅਦ ਸਿੱਖ ਧਰਮ ਇੱਕ ਵੱਖਰੇ ਧਰਮ ਦੇ ਰੂਪ ਵਿੱਚ ਸਾਹਮਣੇ ਆਇਆ। ਇਕ ਵਾਰ ਬਾਦਸ਼ਾਹ ਅਕਬਰ ਦੇ ਮਨ ਵਿੱਚ ਕਿਸੇ ਨੇ ਗੁਰੂ ਗ੍ਰੰਥ ਸਾਹਿਬ ਜੀ ਬਾਰੇ ਸ਼ੰਕੇ ਪੈਦਾ ਕਰ ਦਿੱਤੇ ਪਰ ਬਾਅਦ ਵਿੱਚ ਅਕਬਰ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਅਜਿਹਾ ਕੁਝ ਵੀ ਨਹੀਂ ਮਿਲਿਆ ਅਤੇ ਉਸ ਨੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਦੁਨੀਆ ਦਾ ਮਹਾਨ ਪੂਜਣਯੋਗ ਗ੍ਰੰਥ ਮੰਨਿਆ।

ਪ6. ਗੁਰੂ ਅਰਜਨ ਦੇਵ ਜੀ ਦੇ ਕਾਲ ਦੌਰਾਨ ਕਿਹੜਾ ਨਗਰ ਸਿੱਖ ਗਤੀਵਿਧੀਆਂ ਦਾ ਕੇਂਦਰ ਬਣਿਆ?
ੳ.ਗੁਰੂ ਅਰਜਨ ਦੇਵ ਜੀ ਦੇ ਸਮੇਂ ਦੌਰਾਨ ਅੰਮ੍ਰਿਤਸਰ ਸਿੱਖ ਗਤੀਵਿਧੀਆਂ ਦਾ ਕੇਂਦਰ ਬਣਿਆ। ਸਿੱਖ ਇੱਥੇ ਹਰ ਸਾਲ ਵਿਸਾਖੀ ਤੇ ਇਕੱਠੇ ਹੁੰਦੇ ਅਤੇ ਅਤੇ ਮਸੰਦ ਆਪੋ ਆਪਣੇ ਇਲਾਕੇ ਵਿੱਚੋਂ ਇਕੱਤਰ ਕੀਤੀ ਭੇਟਾ ਗੁਰੂ ਦੇ ਖ਼ਜ਼ਾਨੇ ਵਿੱਚ ਜਮ੍ਹਾਂ ਕਰਵਾਉਂਦੇ।

ਪ7.ਗੁਰੂ ਅਰਜਨ ਦੇਵ ਜੀ ਦੇ ਸਮੇਂ ਕਿਹੜੀ ਪਰੰਪਰਾ ਅਦਾਰਿਤ ਕੀਤੀ ਗਈ?
ੳ. ਗੁਰੂ ਜੀ ਸਮੇਂ ਦਸਵੰਧ ਅਤੇ ਮਸੰਦ ਪ੍ਰਥਾ ਨੂੰ ਅਦਾ ਮਰਿਤ ਕੀਤਾ ਗਿਆ। ਇਸ ਪਰੰਪਰਾ ਨੇ ਸਿੱਖ ਧਰਮ ਦਾ ਪ੍ਰਚਾਰ ਦੂਰ ਦੁਰਾਡੇ ਖੇਤਰਾਂ ਵਿੱਚ ਵੀ ਕੀਤਾ ਅਤੇ ਵੱਡੀ ਗਿਣਤੀ ਵਿੱਚ ਲੋਕ ਸਿੱਖ ਧਰਮ ਨਾਲ ਜੁੜਨ ਲੱਗੇ ਪ੍ਰੰਤੂ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਭ੍ਰਿਸ਼ਟ ਹੋ ਚੁੱਕੀ ਮਸੰਦ ਪ੍ਰਥਾ ਨੂੰ1698 ਵਿਚ ਖ਼ਤਮ ਕਰ ਦਿੱਤਾ ਗਿਆ।

ਪ8.ਸਿੱਖਾਂ ਨੇ ਗੁਰੂ ਅਰਜਨ ਦੇਵ ਜੀ ਨੂੰ ਕੀ ਕਹਿਣਾ ਸ਼ੁਰੂ ਕੀਤਾ?
ੳ. ਸਿੱਖਾਂ ਨੇ ਪਹਿਲੀ ਵਾਰ ਗੁਰੂ ਅਰਜਨ ਦੇਵ ਜੀ ਨੂੰ 'ਸੱਚਾ ਪਾਤਸ਼ਾਹ' ਕਹਿਣਾ ਸ਼ੁਰੂ ਕੀਤਾ। ਵੱਡੀ ਗਿਣਤੀ ਵਿੱਚ ਸਿੱਖ ਗੁਰੂ ਘਰ ਨਾਲ ਜੁੜਨ ਲੱਗੇ ਅਤੇ ਕੱਟੜ ਇਸਲਾਮੀ ਇਸ ਵਜ੍ਹਾ ਕਰਕੇ ਗੁਰੂ ਘਰ ਨਾਲ ਈਰਖਾ ਕਰਨ ਲੱਗੇ। ਗੁਰੂ ਜੀ ਦੇ ਭਰਾ ਪ੍ਰਿਥੀ ਚੰਦ ਨੇ ਮਾਲ ਅਫ਼ਸਰ ਸੁਲਹੀ ਖ਼ਾਨ ਨਾਲ ਸਾਂਝ ਪਾ ਕੇ ਗੁਰ ਘਰ ਨੂੰ ਨੁਕਸਾਨ ਪਹੁੰਚਾਉਣ ਦੀ ਸਕੀਮ ਘੜੀ ਪਰ ਸੁਲਹੀ ਖਾਨ ਅਚਾਨਕ ਇੱਟਾਂ ਦੇ ਭੱਠੇ ਵਿੱਚ ਡਿੱਗਣ ਦੀ ਵਜ੍ਹਾਂ ਨਾਲ ਮਾਰਿਆ ਗਿਆ। ਚੰਦੂ ਬ੍ਰਾਹਮਣ, ਬੀਰਬਲ ਅਤੇ ਸ਼ੇਖ ਅਹਿਮਦ ਸਰਹੰਦੀ ਉਹ ਮੁੱਖ ਲੋਕ ਸਨ ਜੋ ਗੁਰੂ ਘਰ ਨਾਲ ਨਫਰਤ ਕਰਦੇ ਸਨ ਅਤੇ 1605 ਵਿੱਚ ਅਕਬਰ ਦੀ ਮੌਤ ਤੋਂ ਬਾਅਦ ਉਨ੍ਹਾਂ ਨੇ ਨਵੇਂ ਬਾਦਸ਼ਾਹ ਜਹਾਂਗੀਰ ਗੁਰੂ ਸਾਹਿਬ ਦੇ ਖਿਲਾਫ ਭੜਕਾਇਆ।

ਪ9.ਗੁਰੂ ਜੀ ਦੁਆਰਾ ਕੀਤੇ ਜਾਂਦੇ ਸਿੱਖੀ ਪ੍ਰਚਾਰ ਤੋਂ ਕਿਸ ਨੂੰ ਈਰਖਾ ਸੀ?

ੳ. ਜਹਾਂਗੀਰ ਖੁਦ ਗੁਰੂ ਦੁਆਰਾ ਕੀਤੇ ਜਾਂਦੇ ਸਿੱਖੀ ਪ੍ਰਚਾਰ ਤੋਂ ਈਰਖਾ ਕਰਦਾ ਸੀ ਅਤੇ ਗੁਰੂ ਘਰ ਦੇ ਵਿਰੋਧੀਆਂ ਨੂੰ ਸ਼ਹਿ ਦਿੰਦਾ ਸੀ। ਗੁਰੂ ਸਾਹਿਬ ਵਿਰੁੱਧ ਕਈ ਝੂਠੇ ਦਾ ਜਾਮ ਵੀ ਲਗਾਏ ਗਏ ਉਨ੍ਹਾਂ ਵਿੱਚੋਂ ਇੱਕ ਇਲਜ਼ਾਮ ਬਾਗੀ ਖੁਸਰੋ ਦੀ ਮਦਦ ਕਰਨ ਦਾ ਵੀ ਲਗਾਇਆ ਗਿਆ। ਗੁਰੂ ਅਰਜਨ ਦੇਵ ਜੀ ਨੂੰ ਗ੍ਰਿਫਤਾਰ ਕਰਕੇ ਲਾਹੌਰ ਲਿਜਾਇਆ ਗਿਆ ਜਿੱਥੇ ਉਨ੍ਹਾਂ ਖਿਲਾਫ ਝੂਠੇ ਕੇਸ ਪਾ ਕੇ ਮੁਕੱਦਮਾ ਚਲਾਇਆ ਗਿਆ। ਲਾਹੌਰ ਦੇ ਗਵਰਨਰ ਨੂੰ ਗੁਰੂ ਸਾਹਿਬ ਜੀ ਨੂੰ ਸ਼ਹੀਦ ਕਰਨ ਦਾ ਕੰਮ ਸੌਂਪਿਆ ਗਿਆ।ਉਸ ਨੇ ਗੁਰੂ ਸਾਹਿਬ ਨੂੰ ਚੰਦੂ ਦੇ ਹਵਾਲੇ ਕਰ ਦਿੱਤਾ ਜੋ ਲਾਹੌਰ ਸ਼ਹਿਰ ਦਾ  ਵਪਾਰੀ ਅਤੇ ਕੱਟੜ ਬ੍ਰਾਹਮਣ ਸੀ। ਉਸ ਦੁਆਰਾ ਗੁਰੂ ਸਾਹਿਬ ਨੂੰ ਅਸਹਿ ਅਤੇ ਅਕਹਿ ਤਸੀਹੇ ਦਿੱਤੇ ਗਏ ਜਿਸਦੀ ਮਿਸਾਲ ਮਨੁੱਖੀ ਇਤਿਹਾਸ ਵਿੱਚ ਪਹਿਲਾਂ ਕਿਤੇ ਨਹੀਂ ਦੇਖਣ ਨੂੰ ਮਿਲਦੀ।  ਸਾਈਂ ਮੀਆਂ ਮੀਰ ਜੀ ਨੇ ਇਹ ਤਸੀਹੇ ਖ਼ੁਦ ਝੱਲਣ ਲਈ ਪੇਸ਼ਕਸ਼ ਕੀਤੀ ਪਰ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਮਨ੍ਹਾਂ ਕਰ ਦਿੱਤਾ।

ਪ11.ਗੁਰੂ ਸਾਹਿਬ ਨੂੰ ਕਿਸ ਤਰ੍ਹਾਂ ਦੇ ਤਸੀਹੇ ਦਿੱਤੇ ਗਏ?
ੳ ਤਸੀਹੇ ਦੇਣ ਸਮੇਂ ਗੁਰੂ ਜੀ ਨੂੰ ਤੱਤੀ ਤਵੀ ਉਪਰ ਬਿਠਾਇਆ ਗਿਆ ਅਤੇ ਉਨ੍ਹਾਂ ਦੇ ਸਿਰ ਅਤੇ ਪਿੰਡੇ ਉਪਰ ਗਰਮ ਰੇਤ ਪਾਈ ਗਈ ਜਦੋਂ ਉਨ੍ਹਾਂ ਦਾ ਸਰੀਰ ਬੁਰੀ ਤਰ੍ਹਾਂ ਝੁਲਸ ਚੁੱਕਾ ਸੀ ਤਾਂ ਉਨ੍ਹਾਂ ਨੂੰ ਜ਼ੰਜੀਰਾਂ ਵਿੱਚ ਬੰਨ੍ਹ ਕੇ ਰਾਵੀ ਦਰਿਆ ਵਿੱਚ ਸੁੱਟ ਦਿੱਤਾ ਗਿਆ। ਇਸ ਤਰ੍ਹਾਂ ਗੁਰੂ ਸਾਹਿਬ ਜੇਠ ਸੁਦੀ ਚੌਥੀ ਇੱਕ ਹਾੜ ਸੰਮਤ 1663  (30 ਮਈ 1606) ਨੂੰ ਸ਼ਹੀਦ ਹੋਏ। ਜਹਾਂਗੀਰ ਆਪਣੀ ਸਵੈ ਜੀਵਨੀ ਵਿੱਚ ਲਿਖਦਾ ਹੈ ਕਿ ਉਸ ਨੇ ਗੁਰੂ ਸਾਹਿਬ ਜੀ ਨੂੰ ਸ਼ਹੀਦ ਕਰਨ ਦੇ ਹੁਕਮ ਖੁਦ ਦਿੱਤੇ ਸਨ। ਗੁਰੂ ਸਾਹਿਬ ਦੀ ਸ਼ਹੀਦੀ  ਨੇ ਸਿੱਖ ਕਿਰਦਾਰ ਨੂੰ ਬਹੁਤ ਤੇਜ਼ੀ ਨਾਲ ਬਦਲ ਦਿੱਤਾ। ਇਸ ਜ਼ੁਲਮ ਅਤੇ ਕਰੂਰਤਾ ਤੋਂ ਬਾਅਦ ਕੁਦਰਤੀ ਤੌਰ ਤੇ ਸਿੱਖ ਕੌਮ ਨੇ ਮਹਿਸੂਸ ਕੀਤਾ ਕਿ ਕੱਟੜ ਮੁਸਲਿਮ ਅਤੇ ਬ੍ਰਾਹਮਣ ਸ਼ਾਂਤੀ ਪਸੰਦ ਸਿੱਖ ਧਰਮ ਦੇ ਖਿਲਾਫ ਹਨ।